**02/11/2021**

**ਵੱਲ**

1. **ਮਾਨਯੋਗ ਸ: ਸੰਗਤ ਸਿੰਘ ਗਿਲਜੀਆਂ**
   **ਵਣ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ,**
   **ਪੰਜਾਬ**

2. **ਪ੍ਰਧਾਨ ਮੁੱਖ ਵਣ ਪਾਲ**
   **ਪੰਜਾਬ**

**ਵਿਸ਼ਾ :- ਪੰਜਾਬ ਵਿੱਚ ਜੰਗਲਾਂ, ਜੰਗਲੀ ਜੀਵਾਂ ਅਤੇ ਵਾਤਾਵਰਨ ਨਾਲ ਸਬੰਧਤ ਨਿਮਨਲਿਖਤ ਮੁੱਦਿਆਂ ਵੱਲ ਧਿਆਨ ਦੇਣ ਦੀ ਬੇਨਤੀ**

ਸ਼੍ਰੀਮਾਨ ਜੀ,

ਅਸੀਂ ਪੰਜਾਬ ਦੀ ਹਰਿਆਲੀ, ਜੰਗਲਾਂ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਅਤੇ ਸੁਧਾਰਨ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਇੱਕ ਸਮੂਹ ਹਾਂ। ਅੱਜ ਸਮੁੱਚਾ ਵਿਸ਼ਵ ਵਾਤਾਵਰਣ ਅਤੇ ਜਲਵਾਯੂ ਤਬਦੀਲੀ ਨੂੰ ਲੈ ਕੇ ਚਿੰਤਤ ਹੈ ਅਤੇ ਵਿਸ਼ਵ ਦੇ ਨੇਤਾ COP26 ਸੰਮੇਲਨ ਵਿੱਚ ਸੁਧਾਰਾਤਮਕ ਕਾਰਵਾਈ ਦੀ ਚਰਚਾ ਕਰ ਰਹੇ ਹਨ। ਪੰਜਾਬ ਨੂੰ ਵੀ ਇਸ ਵਿੱਚ ਅੱਗੇ ਵੱਧ ਕੇ ਆਪਣਾ ਬਣਦਾ ਹਿੱਸਾ ਪਾਉਣ ਦੀ ਲੋੜ ਹੈ। ਪਵਨ ਗੁਰੂ, ਪਾਣੀ ਪਿਤਾ ਅਤੇ ਮਾਤਾ ਧਰਤਿ ਨੂੰ ਉਸਦਾ ਬਣਦਾ ਸਤਿਕਾਰ ਦੇਣ ਤੋਂ ਪੰਜਾਬ ਮੁਨਕਰ ਨਹੀਂ ਰਹਿ ਸਕਦਾ। ਅਸੀਂ ਇਸ ਸੰਧਰਬ ਵਿੱਚ ਹੇਠਾਂ ਦਿੱਤੇ ਮੁੱਦਿਆਂ ਵੱਲ ਤੁਹਾਡਾ ਧਿਆਨ ਖਿੱਚਣਾ ਚਾਹੁੰਦੇ ਹਾਂ।

**1. ਜੰਗਲਾਤ ਕਵਰ:-** ਪੰਜਾਬ ਵਿੱਚ ਅੱਜ ਸਿਰਫ 3.6% ਰਕਬਾ ਜੰਗਲਾਤ ਅਧੀਨ ਹੈ ਜੋ 33% ਦੇ ਰਾਸ਼ਟਰੀ ਟੀਚੇ ਦੇ ਦਸਵੇਂ ਹਿੱਸੇ ਦੇ ਕਰੀਬ ਹੈ। ਇਹ ਦੇਸ਼ ਵਿੱਚ ਸਭ ਤੋਂ ਘੱਟ ਹੈ ਅਤੇ ਰਾਜਸਥਾਨ ਜੋ ਕਿ 5% ਤੇ ਹੈ ਅਤੇ ਜਿਸ ਨੂੰ ਅਸੀਂ ਸਾਰੇ ਰੇਗਿਸਥਾਨ ਸਮਝਦੇ ਹਾਂ ਤੋਂ ਵੀ ਕਿਤੇ ਹੇਠਾਂ ਹੈ। ਇਹ 3.6% ਜੰਗਲੀ ਖੇਤਰ ਵੀ ਜ਼ਿਆਦਾਤਰ ਹਿਮਾਚਲ ਸਰਹੱਦ ਦੇ ਨੇੜੇ ਪਹਾੜੀਆਂ ਵਿੱਚ ਹੈ ਅਤੇ ਪੰਜਾਬ ਦੇ ਮੈਦਾਨੀ ਖੇਤਰਾਂ ਵਿੱਚ ਨਾਂ ਮਾਤਰ ਹੀ ਜੰਗਲੀ ਖੇਤਰ ਬਚਿਆ ਹੈ। ਇਸ ਲਈ ਸੂਬੇ ਵਿੱਚ ਜੰਗਲਾਂ, ਜੰਗਲੀ ਜੀਵਨ ਅਤੇ ਜੈਵ ਵਿਭਿੰਨਤਾ ਦੇ ਨਾਂ ਤੇ ਜੋ ਵੀ ਬਚਿਆ ਹੈ, ਉਸ ਦੀ ਸੰਭਾਲ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

**2. ਮੱਤੇਵਾੜਾ ਟੈਕਸਟਾਈਲ ਪਾਰਕ / ਮਾਡਰਨ ਇੰਡਸਟਰੀਅਲ ਪਾਰਕ, ਕੂਮਕਲਾਂ :-** ਇਸ ਵੇਲੇ ਇਸਦੀ ਚੁਣੀ ਗਈ ਜਗ੍ਹਾ ਬਹੁਤ ਸਾਰੇ ਵੱਖ-ਵੱਖ ਰਾਖਵੇਂ ਜੰਗਲਾਂ ਜਿਵੇਂ ਕਿ ਮੱਤੇਵਾੜਾ ਜੰਗਲ, ਜਸਪਾਲ ਕਾਦਰ ਜੰਗਲ, ਸਲੇਮਪੁਰ ਹੈਦਰ ਨਗਰ ਜੰਗਲ ਜੋ ਕਿ ਕਾਨੂੰਨ ਵੱਲੋਂ ਸੁਰੱਖਿਅਤ ਜੰਗਲਾਂ ਵਜੋਂ ਘੋਸ਼ਿਤ ਹਨ ਦੇ ਬਿਲਕੁਲ ਨਾਲ ਜੁੜਦੀ ਹੈ। ਵਾਤਾਵਰਣ ਸੰਬੰਧੀ ਸੰਵੇਦਨਸ਼ੀਲਤਾ ਦੇ ਕਾਰਨ ਇਹ ਸਥਾਨ ਦੀ ਇੱਕ ਬਹੁਤ ਹੀ ਅਣਉਚਿਤ ਚੋਣ ਹੈ। ਇਸ ਦੇ ਦੂਜੇ ਪਾਸੇ ਸਤਲੁੱਜ ਦਾ ਕੰਢਾ ਲੱਗਦਾ ਹੈ। ਸਤਲੁਜ ਨਾ ਸਿਰਫ਼ ਇਨ੍ਹਾਂ ਜੰਗਲਾਂ ਦੀ ਹੋਂਦ ਨੂੰ ਕਾਇਮ ਰੱਖਦਾ ਹੈ, ਸਗੋਂ ਕਰੋੜਾਂ ਲੋਕਾਂ ਦੇ ਪੀਣ ਵਾਲੇ ਪਾਣੀ ਦਾ ਸਿੱਧਾ ਸਰੋਤ ਵੀ ਹੈ। ਤੁਹਾਡੇ ਮੰਤਰਾਲੇ ਨੂੰ ਇਹਨਾਂ ਸੁਰੱਖਿਅਤ ਜੰਗਲਾਂ ਦੇ ਨੇੜੇ ਉਦਯੋਗਿਕ ਖੇਤਰਾਂ ਨੂੰ ਬਣਾ ਕੇ ਉਨ੍ਹਾਂ ਜੰਗਲਾਂ ਦੇ ਵਿਨਾਸ਼ ਦਾ ਰਾਹ ਸਾਫ਼ ਕਰਨ ਦਾ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ।

**3. ਰਿਪੇਰੀਅਨ ਜੰਗਲ / ਫਲੱਡ ਪਲੇਨ ਜੰਗਲ :-** ਪੰਜਾਬ ਦਾ ਨਾਂ 5 ਦਰਿਆਵਾਂ ਤੋਂ ਪਿਆ ਹੈ। ਦਰਿਆ ਕੁਦਰਤੀ ਤੌਰ 'ਤੇ ਆਪਣੇ ਕੰਢਿਆਂ 'ਤੇ ਜੰਗਲਾਂ ਨੂੰ ਕਾਇਮ ਰੱਖਦੇ ਹਨ ਅਤੇ ਪੰਜਾਬ ਵਿੱਚ ਇਤਿਹਾਸਕ ਤੌਰ 'ਤੇ ਦਰਿਆਵਾਂ ਦੇ ਕੰਢੇ ਅਤੇ ਇਸ ਦੇ ਨਾਲ ਲੱਗਦੇ ਦਰਿਆਈ ਹੜ੍ਹ ਮੈਦਾਨਾਂ ਵਿਚ ਬਹੁਤ ਵੱਡੇ ਪੱਧਰ ਤੇ ਜੰਗਲ ਸਨ। ਮੱਤੇਵਾੜਾ, ਜਸਪਾਲ ਕਾਦਰ, ਸਲੇਮਪੁਰ ਹੈਦਰਨਗਰ ਆਦਿ ਲੁਧਿਆਣੇ ਨੇੜੇ ਸਤਲੁਜ ਦੇ ਹੜ੍ਹ ਵਾਲੇ ਮੈਦਾਨਾਂ ਉੱਤੇ ਅਜਿਹੇ ਕੁੱਝ ਬਚੇ ਹੋਏ ਰਿਪੇਰੀਅਨ ਜੰਗਲਾਂ ਦੀਆਂ ਉਦਾਹਰਣਾਂ ਹਨ। ਅਜਿਹੇ ਜੰਗਲਾਂ ਦਾ ਪਿਛਲੇ ਸਮੇਂ ਵਿੱਚ ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਭਾਰੀ ਨੁਕਸਾਨ ਹੋਇਆ ਹੈ। ਦਰਿਆਵਾਂ ਦੇ ਨਾਲ ਲੱਗਦੇ ਅਜਿਹੇ ਸਾਰੇ ਹੜ੍ਹ ਮੈਦਾਨ ਖੇਤਰਾਂ ਨੂੰ ਡੀਮਕਾਰਕੇਟ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਕਾਸ ਦੇ ਨਾਂ 'ਤੇ ਹੋਰ ਤਬਾਹੀ ਤੋਂ ਬਚਾਉਣਾ ਚਾਹੀਦਾ ਹੈ।

**4. ਜੰਗਲ ਦੀ ਪਰਿਭਾਸ਼ਾ:-** ਪੰਜਾਬ ਸਰਕਾਰ ਨੇ "ਜੰਗਲ" ਦੀ ਪਰਿਭਾਸ਼ਾ ਪ੍ਰਦਾਨ ਕਰਨ ਦੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਹੈ। ਇਸ ਨਾਲ ਬਹੁਤ ਜ਼ਿਆਦਾ ਅਸਪਸ਼ਟਤਾ ਪੈਦਾ ਹੋ ਰਹੀ ਹੈ ਜਿਸ ਕਾਰਨ ਉਨ੍ਹਾਂ ਖੇਤਰਾਂ ਨੂੰ ਹੋਰ ਵੀ ਨੁਕਸਾਨ ਹੋ ਰਿਹਾ ਹੈ ਜੋ ਸ਼ਬਦਕੋਸ਼ ਦੇ ਅਰਥਾਂ ਅਨੁਸਾਰ ਜੰਗਲ ਹਨ ਪਰ ਰਾਜ ਸਰਕਾਰ ਵੱਲੋਂ ਇਸ ਸ਼ਬਦ ਨੂੰ ਪਰਿਭਾਸ਼ਿਤ ਕਰਨ ਵਿੱਚ ਹੋਈ ਢਿੱਲਮੱਠ ਕਾਰਨ ਫਾਰੈਸਟ ਕੰਜ਼ਰਵੇਸ਼ਨ ਐਕਟ 1980 ਦੀ ਸੁਰੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਹਨ।

**5. ਖਾਲੀ ਜ਼ਮੀਨਾਂ:-** ਸਰਕਾਰ ਕੋਲ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਨੂੰ ਬਾਗਾਂ ਅਤੇ ਸੂਖਮ ਜੰਗਲਾਂ ਵਿੱਚ ਤਬਦੀਲ ਕਰਨ ਲਈ ਉਤਸ਼ਾਹਿਤ ਕਰਨ ਲਈ ਨੀਤੀ ਹੋਣੀ ਚਾਹੀਦੀ ਹੈ। ਖਾਲੀ ਪਈਆਂ ਸਰਕਾਰੀ ਜ਼ਮੀਨਾਂ ਜਿਵੇਂ ਪੰਚਾਇਤ/ਨਗਰਪਾਲਿਕਾ/ਰਾਜ ਸਰਕਾਰ ਦੀਆਂ ਜ਼ਮੀਨਾਂ 'ਤੇ ਪੰਜਾਬ ਦੀਆਂ ਰਵਾਇਤੀ ਕਿਸਮਾਂ ਦੇ ਰੁੱਖ ਲਗਾਏ ਜਾਣੇ ਚਾਹੀਦੇ ਹਨ।

**6. ਜਲ ਸਰੋਤਾਂ ਦੇ ਕਿਨਾਰੇ:-** ਨਦੀਆਂ, ਨਹਿਰਾਂ, ਡਰੇਨਾਂ, ਸੂਏ ਅਤੇ ਪਿੰਡਾਂ, ਕਸਬਿਆਂ ਦੇ ਛੱਪੜਾਂ ਦੇ ਕੰਢਿਆਂ ਨੂੰ ਪੰਜਾਬ ਦੇ ਦੇਸੀ ਅਤੇ ਰਵਾਇਤੀ ਰੁੱਖਾਂ ਦੀ ਵਰਤੋਂ ਕਰਕੇ ਹਰਿਆਲੀ ਨੂੰ ਸੁਧਾਰਨ ਲਈ ਵਰਤਿਆ ਜਾਣਾ ਚਾਹੀਦਾ ਹੈ।

**7. ਸੜਕਾਂ:-** ਰਾਸ਼ਟਰੀ ਰਾਜ ਮਾਰਗਾਂ, ਰਾਜ ਮਾਰਗਾਂ, ਲਿੰਕ ਸੜਕਾਂ ਅਤੇ ਹੋਰ ਸੜਕਾਂ ਨੂੰ ਦੋਵੇਂ ਪਾਸੇ ਦੇਸੀ ਰੁੱਖਾਂ ਦੀਆਂ ਕਿਸਮਾਂ ਨਾਲ ਹਰਿਆ ਭਰਿਆ ਕੀਤਾ ਜਾਣਾ ਚਾਹੀਦਾ ਹੈ।

**8. ਗ੍ਰੀਨ ਬੈਲਟਸ:-** ਸ਼ਹਿਰਾਂ ਅਤੇ ਕਸਬਿਆਂ ਵਿੱਚ ਗ੍ਰੀਨ ਬੈਲਟਾਂ ਨੂੰ ਕਬਜ਼ਿਆਂ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਹਨਾਂ ਦੇ ਗ੍ਰੀਨ ਕਵਰ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ।

**9. ਰੁੱਖਾਂ ਦੀ ਕਟਾਈ 'ਤੇ 10 ਸਾਲ ਦੀ ਪੂਰਨ ਪਾਬੰਦੀ :-** ਹਰ ਸਾਲ ਵਿਕਾਸ ਦੇ ਨਾਂ 'ਤੇ ਸੜਕਾਂ ਦੇ ਵਿਸਤਾਰ ਵਰਗੇ ਬਹੁਤ ਸਾਰੇ ਪ੍ਰੋਜੈਕਟਾਂ ਦੇ ਨਾਂ ਤੇ ਬਹੁਤ ਸਾਰੇ ਦਰੱਖਤ ਖਤਮ ਹੋ ਜਾਂਦੇ ਹਨ। ਪਿੰਡਾਂ ਦੀਆਂ ਪੰਚਾਇਤਾਂ ਅਤੇ ਸਕੂਲਾਂ ਵੱਲੋਂ ਲੱਕੜ ਵੇਚ ਕੇ ਮਾਲੀਆ ਕਮਾਉਣ ਲਈ ਵੀ ਬਹੁਤ ਸਾਰੇ ਦਰੱਖਤ ਕੱਟੇ ਜਾਂਦੇ ਹਨ। ਪੰਜਾਬ ਨੇ ਪਿਛਲੇ ਇੱਕ ਦਹਾਕੇ ਤੋਂ ਗੈਰ-ਜੰਗਲੀ ਖੇਤਰਾਂ ਵਿੱਚ ਬਹੁਤ ਸਾਰੇ ਰੁੱਖਾਂ ਦੀ ਹੋਂਦ ਗੁਆ ਦਿੱਤੀ ਹੈ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਆਪਜੀ ਆਪਣੇ ਅਹੁਦੇ ਦੀ ਵਰਤੋਂ ਕਰਕੇ ਪੰਜਾਬ ਦੇ ਹੋਰ ਮਹਿਕਮਿਆਂ ਨੂੰ ਵੀ ਪ੍ਰੇਰਿਤ ਕਰੋ ਤਾਂ ਕਿ ਰਾਜ ਵਿੱਚ 10 ਸਾਲ ਲਈ ਰੁੱਖ ਕੱਟਣ ਤੇ ਪੂਰਨ ਪਾਬੰਦੀ ਲੱਗ ਸਕੇ ਅਤੇ ਪੰਜਾਬ ਦੇ ਗੈਰ ਜੰਗਲਾਤ ਖੇਤਰਾਂ ਦੀ ਹਰਿਆਵਲ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ।

**10. ਖੇਤਾਂ ਵਿੱਚ ਰੁੱਖ :-** ਖੇਤਾਂ ਵਿੱਚ ਰੁੱਖਾਂ ਦੀ ਵੱਡੇ ਪੱਧਰ ਤੇ ਕਟਾਈ ਹੋਈ ਹੈ ਅਤੇ ਪੰਜਾਬ ਦੇ ਖੇਤਾਂ ਵਿੱਚ ਨਾਂ ਮਾਤਰ ਹੀ ਰੁੱਖ ਬਚੇ ਹਨ। ਪੰਜਾਬ ਸਰਕਾਰ ਨੂੰ ਇਸ ਬਾਰੇ ਕੋਈ ਢੁਕਵੀਂ ਨੀਤੀ ਤਿਆਰ ਕਰ ਕੇ ਕਿਸਾਨਾਂ ਨੂੰ ਖੇਤਾਂ ਵਿੱਚ ਰੁੱਖ ਲਗਾਉਣ ਅਤੇ ਬਚਾਉਣ ਲੇਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

**11. ਦਰਿਆਈ ਹੜ੍ਹ ਦੇ ਮੈਦਾਨਾਂ ਦੀ ਸੁਰੱਖਿਆ:-** ਦਰਿਆਵਾਂ ਦੇ ਹੜ੍ਹ ਦੇ ਮੈਦਾਨ ਬਹੁਤ ਮਹੱਤਵਪੂਰਨ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਵੀ ਬਹੁਤ ਜ਼ਰੂਰੀ ਹੈ। ਪੰਜਾਬ ਦੇ ਦਰਿਆਵਾਂ ਨੂੰ ਗੈਰ ਕਨੂੰਨੀ ਮਾਈਨਿੰਗ, ਗੈਰ ਕਨੂੰਨੀ ਨਿਰਮਾਣ ਅਤੇ ਇਥੋਂ ਤੱਕ ਕਿ ਇਹਨਾਂ ਹੜ੍ਹ ਮੈਦਾਨਾਂ ਉੱਤੇ ਕੰਕਰੀਟ ਦੇ ਜੰਗਲ ਬਣਾਉਣ ਦੀਆਂ ਸਰਕਾਰੀ ਯੋਜਨਾਵਾਂ ਤੋਂ ਬਚਾਉਣ ਦੀ ਬਹੁਤ ਲੋੜ ਹੈ। ਇਹ ਇਸ ਲਈ ਵੀ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿਓਂ ਕਿ ਪੰਜਾਬ ਦੀ ਬਚੀ ਖੁਚੀ ਜੈਵ ਵਿਭਿਨਤਾ ਇਹਨਾਂ ਹੜ੍ਹ ਮੈਦਾਨਾਂ ਵਿੱਚ ਹੀ ਹੈ। ਸਰਕਾਰ ਨੂੰ ਪੰਜਾਬ ਦੇ ਦਰਿਆਈ ਹੜ੍ਹ ਮੈਦਾਨਾਂ ਨੂੰ ਸੁਰੱਖਿਅਤ ਰੱਖਣ ਲਈ ਇਹਨਾਂ ਦੀ ਤੁਰੰਤ ਮਾਹਿਰਾਂ ਵੱਲੋਂ ਨਿਸ਼ਾਨ ਦੇਹੀ ਕਰਵਾਉਣੀ ਚਾਹੀਦੀ ਹੈ।

ਆਪਜੀ ਦੇ ਸ਼ੁੱਭਚਿੰਤਕ


| | | |
|---|---|---|
| ਸ ਗੁਰਪ੍ਰੀਤ ਸਿੰਘ ਚੰਦਬਾਜਾ<br>ਪ੍ਰਧਾਨ ਭਾਈ ਘਨ੍ਹਈਆ ਕੈਂਸਰ ਰੋਕੋ ਸੇਵਾ ਸੁਸਾਇਟੀ, ਫਰੀਦਕੋਟ<br>ਕਨਵੀਨਰ ਨਰੋਆ ਪੰਜਾਬ ਮੰਚ<br>98885 80496 | ਕਪਿਲ ਅਰੋੜਾ<br>ਪ੍ਰਧਾਨ ਕੌਂਸਲ ਆਫ਼ ਇੰਜੀਨੀਅਰਜ਼<br>ਲੁਧਿਆਣਾ<br>98720 07872 | ਜਸਕੀਰਤ ਸਿੰਘ<br>ਸਟੇਟ ਕਮੇਟੀ ਮੈਂਬਰ<br>ਨਰੋਆ ਪੰਜਾਬ ਮੰਚ<br>9815781629 |

| | |
|---|---|
| ਸ ਜਸਵਿੰਦਰ ਸਿੰਘ<br>ਅਕਾਲ ਪੁਰਖ ਕੀ ਫੌਜ<br>ਅੰਮ੍ਰਿਤਸਰ | ਕਰਨਲ ਚੰਦਰਮੋਹਨ ਲਖਨਪਾਲ<br>ਸੰਘਰਸ਼ ਕਮੇਟੀ,<br>ਪੀਏਸੀ ਸਤਲੁਜ ਅਤੇ ਮੱਤੇਵਾੜਾ ਜੰਗਲ<br>ਲੁਧਿਆਣਾ |
| ਸ ਰਣਜੋਧ ਸਿੰਘ<br>ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ<br>ਲੁਧਿਆਣਾ | ਮਹਿੰਦਰਪਾਲ ਲੂੰਬਾ<br>ਰੂਰਲ ਐਨਜੀਓ ਮੋਗਾ (ਚੇਅਰਮੈਨ)<br>ਮੋਗਾ |
| ਡਾ: ਏ.ਐਸ.ਮਾਨ<br>ਵਿਗਿਆਨਕ ਜਾਗਰੂਕਤਾ ਅਤੇ ਸਮਾਜ ਭਲਾਈ ਫੋਰਮ<br>ਸੰਗਰੂਰ | ਸ਼੍ਰੀਮਤੀ ਹਰਪ੍ਰੀਤ ਸੋਇਨ<br>ਲੁਧਿਆਣਾ ਕੇਅਰਜ਼ ਲੇਡੀਜ਼ ਸੋਸਾਇਟੀ<br>ਲੁਧਿਆਣਾ |
| ਸ ਕੁਲਤਾਰ ਸਿੰਘ ਸੰਧਵਾਂ (ਵਿਧਾਇਕ ਕੋਟਕਪੂਰਾ)<br>ਸੀਨੀਅਰ ਮੀਤ ਪ੍ਰਧਾਨ ਭਾਈ ਘੱਨ੍ਹਈਆ ਕੈਂਸਰ ਰੋਕੋ ਸੇਵਾ ਸੁਸਾਇਟੀ | ਡਾ: ਅਮਨਦੀਪ ਸਿੰਘ ਬੈਂਸ<br>ਆਰਬੀਐਸ ਰੂਟਸ, ਪੀਏਸੀ ਸਤਲੁਜ ਅਤੇ ਮੱਤੇਵਾੜਾ ਜੰਗਲ, ਲੁਧਿਆਣਾ |
| ਮਿਸ ਪੂਜਾ ਸੇਨ ਗੁਪਤਾ<br>ਅਰਥ ਕੇਅਰ ਸੋਸਾਇਟੀ | ਡਾ: ਨਵਨੀਤ ਕੌਰ ਭੁੱਲਰ<br>ਅਗੈੱਪ, ਜਲੰਧਰ |
| ਡਾ: ਦਲੇਰ ਸਿੰਘ<br>ਜ਼ਿਲ੍ਹਾ ਖੇਤੀਬਾੜੀ ਅਫ਼ਸਰ (ਸੇਵਾਮੁਕਤ)<br>ਵੱਟਾਂ ਵਾਲਾ ਝੋਨਾ ਮਾਹਰ | ਸ: ਕੁਲਦੀਪ ਸਿੰਘ ਚੁਨਾਗਰਾ<br>ਨਰੋਆ ਪੰਜਾਬ ਮੰਚ<br>ਪਾਤੜਾਂ, ਪਟਿਆਲਾ |
| ਕੁਲਦੀਪ ਸਿੰਘ ਖਹਿਰਾ<br>ਵਿਜ਼ੀਲੈਂਟ ਸਿਟੀਜ਼ੈਂਸ ਫੋਰਮ<br>ਲੁਧਿਆਣਾ | ਸ: ਮਹਿੰਦਰ ਸਿੰਘ ਸੇਖੋਂ<br>ਪੰਜਾਬੀ ਭਾਸ਼ਾ ਪਸਾਰ ਭਾਈਚਾਰਾ<br>ਲੁਧਿਆਣਾ |